Punjabi

# ਮੁੱਢਲੀ ਸਿਹਤ ਸੰਭਾਲ ਪ੍ਰਣਾਲੀ (ਪ੍ਰਾਇਮਰੀ ਕੇਅਰ ਨੈੱਟਵਰਕ)
# PRIMARY CARE NETWORK

ਤੁਹਾਡੀਆਂ ਰੋਜ਼ਾਨਾ ਦੀਆਂ ਸਿਹਤ ਸਬੰਧੀ ਜ਼ਰੂਰਤਾਂ ਲਈ ਮਿਲਣ ਵਾਲੀ ਮੁੱਢਲੀ ਸਿਹਤ ਸੰਭਾਲ ਨੂੰ ਪ੍ਰਾਇਮਰੀ ਕੇਅਰ ਕਿਹਾ ਜਾਂਦਾ ਹੈ। ਸਿਹਤ ਸੰਭਾਲ ਪ੍ਰਣਾਲੀ ਨਾਲ ਇਹ ਤੁਹਾਡਾ ਪਹਿਲਾ ਸੰਪਰਕ ਹੁੰਦਾ ਹੈ ਅਤੇ ਇਹ ਤੁਹਾਡੇ ਫੈਮਿਲੀ ਡਾਕਟਰ ਅਤੇ ਹੋਰ ਸਿਹਤ ਸੰਭਾਲ ਕਰਮਚਾਰੀਆਂ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਇਸ ਵਿਚ ਸ਼ਾਮਿਲ ਹੁੰਦੇ ਹਨ ਮੁੱਢਲੀ ਸਿਹਤ ਸੰਭਾਲ, ਇਲਾਜ ਅਤੇ ਵੱਖ ਵੱਖ ਹਾਲਤਾਂ ਵਿਚ ਫਾਲੋ-ਅੱਪ (ਬਾਅਦ ਵਾਲੀਆਂ ਅਪਾਇੰਟਮੈਂਟ) ਅਤੇ ਸਿਹਤ ਦੇ ਹੋਰ ਸਾਰੇ ਢੁੱਕਵੇਂ ਸਿਸਟਮਾਂ ਲਈ ਰੈਫਰਲ ਦੇਣਾ। ਇਸ ਵਿਚ ਚੰਗੀ ਸਿਹਤ ਵੱਲ ਤਰੱਕੀ, ਅਤੇ ਚਿਰਕਾਲੀਨ (ਕਰੌਨਿਕ) ਬਿਮਾਰੀਆਂ ਅਤੇ ਸੱਟਾਂ ਤੋਂ ਬਚਾਅ ਅਤੇ ਦੇਖ ਭਾਲ ਵੀ ਸ਼ਾਮਿਲ ਹੁੰਦੇ ਹਨ।

**ਸਵਾਲ : ਪ੍ਰਾਇਮਰੀ ਕੇਅਰ ਨੈੱਟਵਰਕ ਕੀ ਹੈ?(Q: What is a Primary Care Network?)**
ਜਵਾਬ: ਪ੍ਰਾਇਮਰੀ ਕੇਅਰ ਨੈੱਟਵਰਕ ਅਲਬਰਟਾ-ਵਿਚ-ਬਣਾਇਆ ਗਿਆ ਪ੍ਰੋਗਰਾਮ ਹੈ ਤਾਂ ਜੋ ਇਸ ਗੱਲ ਦੀ ਪੁਸ਼ਟੀ ਹੋ ਸਕੇ ਕਿ ਤੁਹਾਡੀ ਸਹੀ ਸਮੇਂ 'ਤੇ, ਸਹੀ ਸਿਹਤ ਸੰਭਾਲ ਕਰਤਾ ਤੋਂ, ਸਹੀ ਸਿਹਤ ਸੰਭਾਲ ਹੋ ਸਕੇ। ਫੈਮਿਲੀ ਡਾਕਟਰਾਂ ਦੀ ਅਗਵਾਈ ਵਿਚ, ਇਹ ਨੈਟਵਰਕ ਅਲਬਰਟਾ ਨਿਵਾਸੀਆਂ ਲਈ ਸਿਹਤ ਸੰਭਾਲ ਦੀਆਂ ਸਹੂਲਤਾਂ ਦੀ ਪ੍ਰਾਪਤੀ ਅਤੇ ਤਾਲ-ਮੇਲ ਵਿਚ ਸਹਾਈ ਸਿੱਧ ਹੋ ਰਿਹਾ ਹੈ।

ਪ੍ਰਾਇਮਰੀ ਕੇਅਰ ਨੈੱਟਵਰਕ ਵਿਚ, ਫੈਮਿਲੀ ਡਾਕਟਰਾਂ ਦੀ ਅਗਵਾਈ ਵਿਚ ਸਿਹਤ ਸੰਭਾਲ ਕਰਮਚਾਰੀਆਂ ਦੀ ਟੀਮ ਸਿਹਤ ਸਬੰਧੀ ਸੇਵਾਂਵਾਂ ਪ੍ਰਦਾਨ ਅਤੇ ਉਨ੍ਹਾਂ ਵਿਚ ਤਾਲ-ਮੇਲ ਕਰਦੀ ਹੈ, ਅਤੇ ਨਤੀਜੇ ਵਜੋਂ ਵਧੀਆ ਸਹਿਯੋਗ, ਸਮੇਂ ਸਿਰ ਰੈਫਰਲ ਅਤੇ ਵਧੀਆ ਦੇਖ-ਭਾਲ ਮਿਲਦੀ ਹੈ। ਇਕ ਨੈੱਟਵਰਕ ਵਿਚ ਕਈ ਫੈਮਿਲੀ ਡਾਕਟਰ ਅਤੇ ਹੋਰ ਸਿਹਤ ਸੰਭਾਲ ਕਰਮਚਾਰੀ ਜਿਵੇਂ ਕਿ ਨਰਸ ਪ੍ਰੈਕਟੀਸ਼ਨਰਾਂ, ਡਾਇਟੀਸ਼ੀਅਨਾਂ, ਫਾਰਮਾਸਿਸਟ, ਸੋਸ਼ਲ-ਵਰਕਰ ਅਤੇ ਦਿਮਾਗੀ-ਸਿਹਤ (ਮੈਂਟਲ) ਵਾਲੇ ਕਰਮਚਾਰੀ ਸ਼ਾਮਿਲ ਹੋ ਸਕਦੇ ਹਨ ਜਾਂ ਕਈ ਫੈਮਿਲੀ ਡਾਕਟਰ ਅਤੇ ਉਸ ਏਰੀਆ ਦੇ ਕਈ ਕਲੀਨਿਕਾਂ ਦੇ ਹੋਰ ਸਿਹਤ ਸੰਭਾਲ ਕਰਮਚਾਰੀ ਸ਼ਾਮਿਲ ਹੋ ਸਕਦੇ ਹਨ।

**ਸਵਾਲ : ਕੀ ਮੈਂ ਆਪਣਾ ਹੁਣ ਵਾਲਾ ਫੈਮਿਲੀ ਡਾਕਟਰ ਰੱਖ ਸਕਦਾ/ਸਕਦੀ ਹਾਂ?**
**(Q: Can I keep my current family doctor?)**
ਜਵਾਬ: ਹਾਂ ਜ਼ਰੂਰ। ਫੇਰ ਵੀ ਪ੍ਰਾਇਮਰੀ ਕੇਅਰ ਨੈੱਟਵਰਕ ਤੋਂ ਸੇਵਾ ਲੈਣ ਲਈ, ਤੁਹਾਡੇ ਫੈਮਿਲੀ ਡਾਕਟਰ ਨੂੰ ਇਸਦਾ ਮੈਂਬਰ ਹੋਣਾ ਪਵੇਗਾ। ਅਸਲ ਵਿਚ, ਤੁਹਾਡਾ ਫੈਮਿਲੀ ਡਾਕਟਰ ਹੀ ਨੈੱਟਵਰਕ ਟੀਮ ਵਿਚ ਤੁਹਾਡੀ ਸੰਪੂਰਨ ਸਿਹਤ ਸੰਭਾਲ ਦੀ ਕਾਰਵਾਈ ਵਿਚ ਅਗਵਾਈ ਕਰਦਾ ਹੈ।

**ਸਵਾਲ : ਅਜਿਹੇ ਫੈਮਿਲੀ ਡਾਕਟਰ ਕੋਲ ਜਾਣ ਦੇ ਕੀ ਫਾਇਦੇ ਹਨ ਜੋ ਕਿ ਪ੍ਰਾਇਮਰੀ ਕੇਅਰ ਨੈੱਟਵਰਕ ਦਾ ਹਿੱਸਾ ਹੈ?**
**(Q: What are the benefits of having a family doctor who is part of a Primary Care Network?)**
ਜਵਾਬ: ਅਜਿਹਾ ਫੈਮਿਲੀ ਡਾਕਟਰ ਹੋਣ ਦੇ ਜੋ ਕਿ ਨੈੱਟਵਰਕ ਦਾ ਮੈਂਬਰ ਹੋਵੇ, ਕਈ ਫਾਇਦੇ ਹਨ।

- ਸਹੀ ਸਮੇਂ 'ਤੇ, ਸਹੀ ਸਿਹਤ ਸੰਭਾਲ ਕਰਤਾ ਤੋਂ, ਸਹੀ ਸਿਹਤ ਸੰਭਾਲ: ਅੰਤ ਵਿਚ, ਤੁਸੀਂ, ਤੁਹਾਡਾ ਫੈਮਿਲੀ ਡਾਕਟਰ ਅਤੇ ਨੈੱਟਵਰਕ ਦੀ ਟੀਮ ਤੁਹਾਡੀ ਸਿਹਤ ਦੀ ਵਧੀਆ ਸੰਭਾਲ ਵਿਚ ਹਿੱਸੇਦਾਰ ਬਣ ਜਾਂਦੇ ਹਨ।
- ਤੁਹਾਡੀ ਸੰਭਾਲ ਵਿਚ ਤਾਲ-ਮੇਲ: ਪ੍ਰਾਇਮਰੀ ਕੇਅਰ ਨੈੱਟਵਰਕ ਵਿਚ, ਤੁਹਾਡਾ ਫੈਮਿਲੀ ਡਾਕਟਰ ਤੁਹਾਡੇ ਲਈ ਨੈੱਟਵਰਕ ਦੀ ਟੀਮ ਦੁਆਰਾ ਪ੍ਰਦਾਨ ਕੀਤੇ ਜਾ ਰਹੇ ਜ਼ਰੂਰੀ ਸਰੋਤਾਂ ਤੱਕ ਦੀ ਪਹੁੰਚ ਨੂੰ ਤੇਜ਼ ਅਤੇ ਅਸਾਨ ਬਣਾ ਸਕਦਾ ਹੈ, ਜੇਕਰ ਉਹ ਸੇਵਾਂਵਾਂ ਜੋ ਕਿ ਤੁਹਾਨੂੰ ਚਾਹੀਦੀਆਂ ਹਨ ਤੁਹਾਡੇ ਨੈੱਟਵਰਕ ਦੁਆਰਾ ਪ੍ਰਦਾਨ ਨਹੀਂ ਕੀਤੀਆਂ ਜਾ ਰਹੀਆਂ, ਤਾਂ ਟੀਮ ਢੁੱਕਵੇਂ ਬਾਹਰਲੇ (ਐਕਸਟਰਨਲ) ਸਰੋਤ ਲੱਭੇਗੀ ਅਤੇ ਤੁਹਾਡੀ ਸੰਪੂਰਨ ਸਿਹਤ ਸੰਭਾਲ ਲਈ ਰੈਫਰਲ ਦਾ ਤਾਲ-ਮੇਲ ਬਿਠਾਏਗੀ।
- ਆਪਣੀ ਸਿਹਤ ਸੰਭਾਲ ਨੂੰ ਨਿਯੰਤਰਣ ਵਿਚ ਰੱਖਣਾ: ਜਦੋਂ ਤੁਹਾਡਾ ਫੈਮਿਲੀ ਡਾਕਟਰ ਨੈੱਟਵਰਕ ਦਾ ਮੈਂਬਰ ਹੋਵੇ, ਤਾਂ ਤੁਸੀਂ ਆਪਣੀ ਮੁੱਢਲੀ ਸਿਹਤ ਸੰਭਾਲ ਵਿਚ ਵਧੀਆ ਹਿੱਸੇਦਾਰ ਬਣ ਸਕਦੇ ਹੋ। ਤੁਹਾਨੂੰ ਹੋਰ ਸਿਹਤ ਸੰਭਾਲ ਕਰਮਚਾਰੀਆਂ ਕੋਲ ਸਮੇਂ ਸਿਰ ਮਿਲ ਰਹੇ ਰੈਫਰਲਾਂ ਤੋਂ ਫਾਇਦਾ ਹੋਵੇਗਾ ਅਤੇ ਤੁਸੀਂ ਫੇਰ ਵੀ ਆਪਣੀ ਸਿਹਤ ਸੰਭਾਲ ਲਈ ਆਪਣੀ ਮਰਜ਼ੀ ਕਰਨ ਲਈ ਅਜ਼ਾਦ ਹੋਵੋਗੇ।

**ਸਵਾਲ : ਮੈਂ ਕਿਸ ਤਰ੍ਹਾਂ ਪਤਾ ਕਰਾਂ ਕਿ ਮੇਰਾ ਫੈਮਿਲੀ ਡਾਕਟਰ ਪ੍ਰਾਇਮਰੀ ਕੇਅਰ ਨੈੱਟਵਰਕ ਦਾ ਹਿੱਸਾ ਹੈ?**
**(Q: How do I find out if my family doctor is part of a Primary Care Network?)**
ਜਵਾਬ: ਅਗਲੀ ਵਾਰੀ ਜਦੋਂ ਆਪਣੇ ਫੈਮਿਲੀ ਡਾਕਟਰ ਕੋਲ ਜਾਉ ਤਾਂ ਉਸਨੂੰ ਪੁੱਛੋ ਜਾਂ ਹੈਲਥ ਲਿੰਕ ਅਲਬਰਟਾ ਤੇ 1-866-408-LINK (5465) 'ਤੇ ਕਾਲ ਕਰੋ।

**ਸਵਾਲ : ਕੀ ਮੈਂ ਆਪਣੀ ਪਸੰਦ ਦਾ ਪ੍ਰਾਇਮਰੀ ਕੇਅਰ ਨੈੱਟਵਰਕ ਇਸਤੇਮਾਲ ਕਰ ਸਕਦਾ/ਸਕਦੀ ਹਾਂ?**
**(Q: Can I use a Primary Care Network of my choice?)**
ਜਵਾਬ: ਤੁਸੀਂ ਕੇਵਲ ਉਸੇ ਪ੍ਰਾਇਮਰੀ ਕੇਅਰ ਨੈੱਟਵਰਕ ਨਾਲ ਸੰਪਰਕ ਕਰ ਸਕਦੇ ਹੋ ਜਿਸ ਨਾਲ ਤੁਹਾਡਾ ਫੈਮਿਲੀ ਡਾਕਟਰ ਸੰਬੰਧਿਤ ਹੈ।

ਅਗਸਤ 2010 ਪ੍ਰਕਾਸ਼ਨ/ Published August 2010

**ਸਵਾਲ : ਅਗਰ ਮੇਰਾ ਕੋਈ ਫੈਮਿਲੀ ਡਾਕਟਰ ਨਹੀਂ ਹੈ ਤਾਂ ਕੀ ਹੋਵੇਗਾ?**
**(Q: What if I don't have a family doctor?)**
ਜਵਾਬ: ਪ੍ਰਾਇਮਰੀ ਕੇਅਰ ਨਾਲ ਸਮੇਂ ਸਿਰ ਅਤੇ ਤਾਲ-ਮੇਲ ਵਾਲਾ ਸੰਪਰਕ ਸਥਾਪਿਤ ਕਰਨ ਲਈ ਫੈਮਿਲੀ ਡਾਕਟਰ ਦਾ ਹੋਣਾ ਬਹੁਤ ਜ਼ਰੂਰੀ ਹੈ। ਕੋਈ ਫੈਮਿਲੀ ਡਾਕਟਰ ਜੋ ਕਿ ਤੁਹਾਡੇ ਏਰੀਏ ਵਿਚ ਨਵੇਂ ਮਰੀਜ਼ ਲੈ ਰਿਹਾ ਹੋਵੇ, ਇਸ ਬਾਰੇ ਮਦਦ ਲੈਣ ਲਈ ਹੈਲਥ ਲਿੰਕ ਅਲਬਰਟਾ ਨੂੰ 1-866-408-LINK (5465) ਤੇ ਸੰਪਰਕ ਕਰੋ।

**ਸਵਾਲ : ਮੇਰਾ ਫੈਮਿਲੀ ਡਾਕਟਰ, ਪ੍ਰਾਇਮਰੀ ਕੇਅਰ ਨੈੱਟਵਰਕ ਦਾ ਹਿੱਸਾ ਨਹੀਂ ਹੈ। ਕੀ ਮੈਨੂੰ ਸਿਹਤ ਸੇਵਾਵਾਂ ਬਾਕੀਆਂ ਦੀ ਤਰ੍ਹਾਂ ਉਪਲਬਧ ਹੋਣਗੀਆਂ?(Q: My family doctor is not part of a Primary Care Network. Will I have the same access to health services?)**
ਜਵਾਬ: ਸਾਰੇ ਫੈਮਿਲੀ ਡਾਕਟਰ, ਬੇਸ਼ੱਕ ਉਹ ਪ੍ਰਾਇਮਰੀ ਕੇਅਰ ਨੈੱਟਵਰਕ ਦੇ ਮੈਂਬਰ ਹਨ ਜਾਂ ਨਹੀਂ, ਉਨ੍ਹਾਂ ਦੀ ਪਹੁੰਚ ਸਪੈਸ਼ਲ ਸਿਹਤ ਸੇਵਾਂਵਾਂ ਤੱਕ ਹੁੰਦੀ ਹੈ ਅਤੇ ਉਨ੍ਹਾਂ ਕੋਲ ਰੈਫਰਲ ਕਰਨ ਦੀ ਯੋਗਤਾ ਵੀ ਹੁੰਦੀ ਹੈ। ਫਰਕ ਸਿਰਫ ਇਤਨਾ ਹੈ ਕਿ ਨੈੱਟਵਰਕ ਵਿਚ, ਮਰੀਜ਼ਾਂ ਦੀ ਸਿੱਧੀ ਪਹੁੰਚ ਨੈੱਟਵਰਕ ਟੀਮ ਦੀ ਸਿਹਤ ਕਰਮਚਾਰੀਆਂ ਦੀ ਟੀਮ ਤੱਕ ਹੁੰਦੀ ਹੈ। ਇਸ ਤੋਂ ਇਲਾਵਾ, ਕੁੱਝ ਨੈਟਵਰਕ ਉਨ੍ਹਾਂ ਮੈਡੀਕਲ ਵਿਸ਼ੇਸ਼ਗਾਂ ਦੇ ਸਹਿਯੋਗੀ ਦੇ ਤੌਰ ਤੇ ਕੰਮ ਕਰਦੇ ਹਨ ਜੋ ਕਿ ਪੀ ਸੀ ਐਨ ਨਾਲ ਵਧੀਆ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਕੰਮ ਕਰਦੇ ਹਨ।

**ਸਵਾਲ : ਪ੍ਰਾਇਮਰੀ ਕੇਅਰ ਨੈੱਟਵਰਕਸ ਦੀਆਂ ਕੁੱਝ ਸੇਵਾਵਾਂ ਕਿਹੜੀਆਂ ਹਨ?**
**(Q: What are some services that Primary Care Networks provide?)**
ਜਵਾਬ: ਸਥਾਨਿਕ ਜ਼ਰੂਰਤਾਂ 'ਤੇ ਨਿਰਭਰ ਕਰਦੇ ਹੋਏ, ਸਾਰੇ ਪ੍ਰਾਇਮਰੀ ਕੇਅਰ ਨੈੱਟਵਰਕਸ ਹੇਠ ਦਿੱਤੀਆਂ ਸਾਰੀਆਂ ਜਾਂ ਇਨ੍ਹਾਂ ਵਿਚੋਂ ਕੁੱਝ ਸੇਵਾਵਾਂ ਪ੍ਰਦਾਨ ਕਰਨਗੇ:

| | |
|---|---|
| ਮੁੱਢਲੀ ਐਂਬੂਲੇਟਰੀ (ਅਸਥਾਈ) ਕੇਅਰ ਅਤੇ ਫਾਲੋ-ਅੱਪ | ਛੋਟੀ ਐਮਰਜੈਂਸੀ ਕੇਅਰ |
| ਸਿਹਤ ਦੀਆਂ ਗੁੰਝਲਦਾਰ ਸਮੱਸਿਆਂਵਾਂ ਦੀ ਸੰਭਾਲ ਅਤੇ ਫਾਲੋ-ਅੱਪ | ਹਸਪਤਾਲਾਂ ਅਤੇ ਲੰਬੀ ਅਵਧੀ ਵਾਲੀਆਂ ਸੁਵਿਧਾਂਵਾਂ ਵਿਚ ਮੁੱਢਲੀ ਇਨਪੇਸ਼ੈਂਟ ਕੇਅਰ |
| ਮਨੋਵਿਗਿਆਨਕ ਪਰਾਮਰਸ਼ | ਮੁੜ ਵਸੇਬਾ ਸੰਭਾਲ |
| ਚਿਰਕਾਲੀਨ ਬਿਮਾਰੀਆਂ ਦੀ ਸਕਰੀਨਿੰਗ ਅਤੇ ਬਚਾਅ (ਦਿਲ ਦੀ ਬਿਮਾਰੀ, ਸ਼ੱਕਰ ਰੋਗ ਆਦਿ) | ਜਾਣਕਾਰੀ ਦਾ ਬੰਦੋਬਸਤ |
| ਪਰਿਵਾਰ ਨਿਯੋਜਨ ਅਤੇ ਗਰਭ ਧਾਰਨ ਬਾਰੇ ਪਰਾਮਰਸ਼ | ਲੋਕਾਂ ਦੀ ਸਿਹਤ |
| ਬੱਚੇ ਦੀ ਦੇਖਭਾਲ (ਜਨਮ ਤੋਂ ਪਹਿਲਾਂ, ਜਨਮ ਤੋਂ ਬਾਅਦ ਅਤੇ ਸਕੂਲ ਦੇ ਵਿਚ ਸਿਹਤ ਸੰਭਾਲ, ਆਦਿ) | ਢੁੱਕਵੀਆਂ ਮੁੱਢਲੀ ਸਿਹਤ ਸੇਵਾਂਵਾਂ ਤੱਕ ਪਹੁੰਚ ਦਾ ਬੰਦੋਬਸਤ, 24/7 |
| ਪਰਸੂਤ ਦੌਰਾਨ ਸਿਹਤ | ਲਬਾਰਟਰੀ ਅਤੇ ਡਾਇਗਨੋਸਟਿਕ ਇਮੇਜਿੰਗ (ਐਕਸਰੇ ਆਦਿ ਵਿਭਾਗ) ਤੱਕ ਪਹੁੰਚ |
| ਜੀਵਨ-ਦੇ-ਅੰਤਿਮ ਵੇਲੇ ਦੀ ਕੇਅਰ | ਹੋਮ-ਕੇਅਰ, ਐਮਰਜੈਂਸੀ ਰੂਮ ਸਰਵਿਸ, ਲੰਬੀ ਅਵਧੀ ਕੇਅਰ, ਮਾਧਮਿਕ ਕੇਅਰ ਅਤੇ ਪਬਲਿਕ ਹੈਲਥ ਸੇਵਾਂਵਾਂ ਵਿਚ ਤਾਲਮੇਲ |
| ਬਜ਼ੁਰਗਾਂ ਦੀ ਕੇਅਰ (ਸੀਨੀਅਰਾਂ ਦੀ ਤੰਦਰੁਸਤੀ, ਘਰ ਵਿਚ ਲੰਬੀ ਅਵਧੀ ਕੇਅਰ, ਆਦਿ ) | ਬਿਨਾ ਕਿਸੇ ਫੈਮਿਲੀ ਡਾਕਟਰ ਦੇ, ਮਰੀਜ਼ਾਂ ਦੀ ਮਦਦ, ਕਿਸੇ ਡਾਕਰਟ ਨਾਲ ਜੁੜ ਕੇ ਕੇਅਰ ਪ੍ਰਾਪਤ ਕਰਨਾ |
| ਛੋਟੀ ( ਮਾਇਨਰ) ਸਰਜਰੀ | ਚਿਰਕਾਲੀਨ ਬਿਮਾਰੀਆਂ ਵਾਲੇ ਮਰੀਜ਼ਾਂ ਦੀ ਦੇਖ ਭਾਲ |

ਪੀ ਸੀ ਐਨ ਤੋਂ ਮਿਲਣ ਵਾਲੀਆਂ ਸੇਵਾਵਾਂ ਬਾਰੇ ਪਤਾਕਰਨ ਲਈ www.albertapci.ca 'ਤੇ ਜਾਉ।

**ਸਵਾਲ : ਮੇਰੇ ਹੋਰ ਸਵਾਲ ਹਨ। ਮੈਨੂੰ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?**
**(Q: I have more questions. Where can I get more information?)**
ਜਵਾਬ: ਪ੍ਰਾਇਮਰੀ ਕੇਅਰ ਨੈੱਟਵਰਕਸ ਅਤੇ/ਜਾਂ ਫੈਮਿਲੀ ਡਾਕਟਰ ਨਾਲ ਕਿਵੇਂ ਸੰਪਰਕ ਕਰਨਾ ਹੈ, ਬਾਰੇ ਵਧੇਰੇ ਜਾਣਕਾਰੀ ਲਈ albertapci.ca 'ਤੇ ਜਾਉ ਜਾਂ ਹੈੱਲਥ ਲਿੰਕ ਐਲਬਰਟਾ ਨਾਲ ਸੰਪਰਕ ਕਰੋ।

ਸਰੋਤ: ਪ੍ਰਾਇਮਰੀ ਕੇਅਰ ਨੈੱਟਵਰਕਸ ਵਰਕ 4 ਯੂ, ਪ੍ਰਾਇਮਰੀ ਕੇਅਰ ਇਨੀਸ਼ਿਏਟਿਵ, www.albertapci.ca

ਅਗਰ ਤੁਸੀਂ "ਰੋਡ ਟੂ ਹੈਲਥੀ ਲਿਵਿੰਗ" ਸੀਰੀਜ਼ ਦਾ ਪਹਿਲਾਂ ਵਾਲਾ ਕੋਈ ਹੋਰ ਲੇਖ ਪੜ੍ਹਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ http://www.calgaryhealthregion.ca/programs/diversity/multilingual_health_services.htm ਤੇ ਜਾ ਕੇ ਆਪਣੀ ਭਾਸ਼ਾ ਵਿਚ ਜਾਣਕਾਰੀ ਹਾਸਲ ਕਰੋ।

ਅਗਸਤ 2010 ਪ੍ਰਕਾਸ਼ਨ/ Published August 2010